# ਦੁਆ ਦਾ ਖ਼ਤਰਾ
## ਰਸੂਲਾਂ ਦੇ ਕੰਮ 12:1-17

*''[ਪਤਰਸ] ਯੂਹੰਨਾ ਜੋ ਮਰਕੁਸ ਕਹਾਉਂਦਾ ਹੈ ਉਹ ਦੀ ਮਾਤਾ ਮਰਿਯਮ ਦੇ ਘਰ ਆਇਆ ਜਿੱਥੇ ਬਹੁਤ ਲੋਕ ਇਕੱਠੇ ਹੋ ਕੇ ਪ੍ਰਾਰਥਨਾ ਕਰ ਰਹੇ ਸਨ। ... ਤਾਂ ਉਨ੍ਹਾਂ ਨੇ ਬੂਹਾ ਖੋਲ੍ਹ ਕੇ ਉਹ ਨੂੰ ਵੇਖਿਆ ਅਤੇ ਅਚਰਜ ਰਹਿ ਗਏ'' (ਰਸੂਲਾਂ ਦੇ ਕੰਮ 12:12–16)।*

''ਮਨੁੱਖ'', ''ਹਾਸਾ'', ਅਤੇ ''ਹਲੀਮੀ'' ਸ਼ਬਦ ਆਪੋ ਵਿਚ ਜੁੜੇ ਹਨ। ਤਿੰਨੇ ਸ਼ਬਦਾਂ ਦਾ ਪ੍ਰਗਟਾਵਾ ਰਸੂਲਾਂ ਦੇ ਕੰਮ 12 ਅਧਿਆਇ ਵਿਚ ਮਿਲਦਾ ਹੈ। ਮਸੀਹੀ ਲੋਕ ਮਨੁੱਖ ਹਨ। ਮਸੀਹੀ ਲੋਕ ਕਈ ਵਾਰ ਹਸਾਉਣ ਵਾਲੇ ਹੁੰਦੇ ਹਨ। ਸਾਡੀਆਂ ਮਸੀਹੀ ਨਾਕਾਮੀਆਂ ਸਾਨੂੰ ਹਲੀਮ ਬਣਾਉਂਦੀਆਂ ਹਨ। ਇਹ ਸਭ ਨਾਲੋ–ਨਾਲ ਚਲਦੇ ਹਨ।

ਦੁਆ ਖ਼ਤਰਨਾਕ ਹੈ। ਹੋ ਸਕਦਾ ਹੈ ਕਿ ਅਸੀਂ ਇਸ ਸੱਚਾਈ ਤੋਂ ਖੁੰਝ ਜਾਈਏ। ਦੁਆ ਸਮਰੱਥਾ ਹੈ ... ਖ਼ੁਦਾ ਸਮਰੱਥਾ ਹੈ। ਦੁਆ ਕਰਨ ਵਾਲੇ ਲਈ ਵੱਡੇ ਵੱਡੇ ਕੰਮ ਹੋ ਜਾਂਦੇ ਹਨ। ਸਾਨੂੰ ਉਹੀ ਮਿਲਦਾ ਹੈ, ਜੋ ਅਸੀਂ ਖ਼ੁਦਾ ਤੋਂ ਮੰਗਦੇ ਹਾਂ। ਖ਼ਬਰਦਾਰ ਰਹੋ ਕਿ ਤੁਸੀਂ ਕੀ ਮੰਗਦੇ ਹੋ। ਸਾਨੂੰ ਸਭ ਨੂੰ ਖਬਰਦਾਰ ਹੋਣ ਦੀ ਲੋੜ ਹੈ। ''ਦੁਆ ਵਿਚ ਖ਼ਤਰਾ'' ਕੀ ਹੈ? *ਇਹ ਮਦਦ ਪਹੁੰਚਾਉਂਦੀ ਹੈ।* ਉਦੋਂ ਵੀ ਜਦ ਸਾਨੂੰ ਇਸ ਦੀ ਉਮੀਦ ਨਹੀਂ ਹੁੰਦੀ। ਦੁਆ ਵਿਚ ਸਾਵਧਾਨੀ ਵਰਤੋ; ਕਿਉਂਕਿ ਹੋ ਸਕਦਾ ਹੈ ਕਿ ਤੁਹਾਨੂੰ ਉਹੀ ਮਿਲ ਜਾਵੇ ਜੋ ਤੁਸੀਂ ਮੰਗਿਆ ਹੋਵੇ।

### ਦੁਆ ਦਾ ਅਚਣਚੇਤ ਜਵਾਬ

ਰਸੂਲਾਂ ਦੇ ਕੰਮ 12:1–17 ਨੂੰ ਫੇਰ ਤੋਂ ਪੜ੍ਹਦੇ ਹਾਂ। (1) ਕਲੀਸੀਆ ਦੁਆ ਕਰਨ ਲਈ ਇਕੱਠੀ ਹੋਈ। ਇਹ ਚੰਗੀ ਗੱਲ ਹੈ। ਯਾਕੂਬ ਨੂੰ ਹੇਰੋਦੇਸ ਨੇ ਸ਼ਹੀਦ ਕਰ ਦਿੱਤਾ ਸੀ। ਪਤਰਸ ਪਸਾਹ ਦੇ ਬਾਅਦ ਮੌਤ ਦੀ ਸਜ਼ਾ ਦੀ ਉਡੀਕ ਕਰਦਿਆਂ ਕੈਦ ਵਿਚ ਸੀ। ਪੂਰੀ ਕਲੀਸੀਆ ਦੁਆ ਕਰਨ ਲਈ ਇਕੱਠੀ ਹੋਈ। (2) ਖ਼ੁਦਾ ਅੱਗੇ ਦੁਆਵਾਂ ਕੀਤੀਆਂ ਗਈਆਂ। ਉਹ ਸਹੀ ਆਦਮੀ ਦੇ ਕੋਲ ਗਏ। ਉਨ੍ਹਾਂ ਨੇ ਖ਼ੁਦਾ ਨੂੰ ਪੁਕਾਰਿਆ। ਲੋੜ ਵੀ ਸੀ ਅਤੇ ਨਿਰਭਰਤਾ ਵੀ। ਉਹ ਰਾਤ ਭਰ ਦੁਆ ਕਰਦੇ ਰਹੇ। ਦੁਆ ਕਰਨ ਤੇ ਸਾਨੂੰ ਕੀ ਮਿਲਦਾ ਹੈ? ਸਤਾਅ? ਨਕਾਮੀ? (3) ਦੁਆ ਬਿਲਕੁਲ ਸਪੱਸ਼ਟ ਸੀ। ਸਭ ਦੀ ਇਹੀ ਇੱਛਾ ਸੀ ਕਿ ਪਤਰਸ ਛੁੱਟ ਜਾਵੇ। ਕਈ ਦੁਆਵਾਂ ਬੜੀਆਂ ਅਸਪੱਸ਼ਟ ਅਤੇ ਆਮ ਹੁੰਦੀਆਂ ਹਨ। ਇਕ ਮਨ ਨਾਲ ਕੀਤੀ ਗਈ ਦੁਆ ਦਾ ਇਹ ਸਪੱਸ਼ਟ ਮਾਮਲਾ ਹੈ। ਪਰ ਕੀ ਉਹ ਸਚਮੁਚ ਪਤਰਸ ਦੇ ਛੁੱਟਣ ਦੀ ਦੁਆ ਕਰ ਰਹੇ ਸਨ? ਕੀ ਉਹ ਇਸ ਨੂੰ ਕਬੂਲ ਕਰਨ ਲਈ (ਜਿਵੇਂ ਉਨ੍ਹਾਂ ਨੇ ਯਾਕੂਬ ਦੀ ਮੌਤ ਨੂੰ ਕਬੂਲ ਕੀਤਾ ਸੀ) ਦੁਆ ਨਹੀਂ ਕਰ ਰਹੇ ਸਨ। ਕੀ ਅਸੀਂ ਦਵਾਈ, ਸਮਾਂ ਅਤੇ ਹਾਲਾਤ ਅੱਗੇ ਹਾਰ ਨਹੀਂ ਮੰਨ ਲੈਂਦੇ? ਖ਼ੁਦਾ ਨਾਮੁਮਕਿਨ ਨੂੰ ਮੁਮਕਿਨ ਕਰਨ ਵਾਲਾ ਖ਼ੁਦਾ ਹੈ। ਕਲੀਸੀਆ ਚੌਕੰਨੀ ਅਤੇ ਡਰੀ ਹੋਈ ਸੀ; ਪਰ ਕੀ ਉਹ ਸਚਮੁਚ ਦੁਆ ਕਰ ਰਹੇ ਸਨ?

ਇਹ ਦੁਆ ਦੇ ਜਵਾਬ ਮਿਲਣ ਦਾ ਵੀ ਸਪੱਸ਼ਟ ਮਾਮਲਾ ਸੀ। ਯਾਕੂਬ ਮਰ ਗਿਆ ਸੀ। ਪਤਰਸ ਜ਼ਿੰਦਾ ਸੀ ... ਦੁਆ ਦੀ ਪਹੇਲੀ ਇਹੋ ਤਾਂ ਹੈ। ਜਦ ਭਾਈਆਂ ਨੇ ਦੁਆ ਕੀਤੀ ਤਾਂ ਖ਼ੁਦਾ ਨੇ ਕੰਮ ਕੀਤਾ। ਖ਼ੁਦਾ ਨੇ ਉਨ੍ਹਾਂ ਦੀਆਂ ਦੁਆਵਾਂ ਦਾ ਜਵਾਬ ਦਿੱਤਾ। ਖ਼ੁਦਾ ਨੇ ਦੁਆ ਕਰਨ ਵਾਲੀ ਕਲੀਸੀਆ ਨੂੰ ਇਨਕਾਰ ਨਹੀਂ ਕੀਤਾ।

ਇਹ ਹਾਸੇ ਵਾਲੀ ਗੱਲ ਵੀ ਸੀ। ਪਤਰਸ ਨੂੰ ਖ਼ੁਦ ਲੱਗਿਆ ਕਿ ਉਹ ਸੁਪਨਾ ਵੇਖ ਰਿਹਾ ਹੈ। ਇਹ ਹਾਸੇ ਵਾਲੀ ਗੱਲ ਹੀ ਹੈ ਕਿ ਪਤਰਸ ਮੌਤ ਦੀ ਕੈਦ ਵਿਚ ਵੀ ਗਹਿਰੀ ਨੀਂਦ ਵਿਚ ਸੀ। ਇਹ ਉਡੀਕ ਕਰਨ ਦੀ ਨਹੀਂ ਹਿੰਮਤ ਹਾਰ ਜਾਣ ਦੀ ਗੱਲ ਲਗਦੀ ਹੈ। ਉਹ ਉਸ ਘਰ ਵਿਚ ਗਿਆ, ਜਿੱਥੇ ਕਲੀਸੀਆ ਦੁਆ ਕਰ ਰਹੀ ਸੀ। ਉਸ ਨੂੰ ਪਤਾ ਸੀ ਕਿ ਕਿੱਥੇ ਜਾਣਾ ਹੈ। ਉਸ ਮੰਡਲੀ ਵਿਚ ਜਿੱਥੇ ਤੁਸੀਂ ਬੰਦਗੀ ਲਈ ਜਾਂਦੇ ਹੋ, ਉਹ ਕਲੀਸੀਆ ਦੁਆ ਲਈ ਕਿੱਥੇ ਇਕੱਠੀ ਹੋਈ ਹੋਵੇਗੀ? ਕਿਸ ਦੇ ਘਰ ਵਿਚ ਹੋਵੇਗੀ? ਹੁਣ ਹਾਲਾਤ ਹੋਰ ‘‘ਹਾਸੇ ਵਾਲੇ’’ ਬਣ ਗਏ ਸਨ। ਪਤਰਸ ਡਰਦੇ ਡਰਦੇ ਖੜਕਾ ਨਹੀਂ ਸਕਿਆ ਸੀ। ਰੋਦੇ ਨਾਮਕ ਇਕ ਗੋਲੀ ਨੂੰ ਦਰਵਾਜ਼ਾ ਖੋਲ੍ਹਣ ਲਈ ਭੇਜਿਆ ਗਿਆ। ਸ਼ਾਇਦ ਉਸ ਦਾ ਉਨ੍ਹਾਂ ਨਾਲ ਦੁਆ ਕਰਨਾ ਇੰਨਾਂ ਅਹਿਮ ਨਹੀਂ ਸੀ! ਅਜੀਬ ਗੱਲ ਹੈ! ਫਿਰ ਇਸ ਨਾਲੋਂ ਵੀ ਵੱਧ ਹਾਸੇ ਵਾਲੀ ਗੱਲ ਹੋਈ, ਉਸ ਨੇ ਉਹਨੂੰ ਅੰਦਰ ਵਾੜਣ ਲਈ ਦਰਵਾਜ਼ਾ ਨਹੀਂ ਖੋਲ੍ਹਿਆ। ਬਲਕਿ ਉਸ ਨੂੰ ਬਾਹਰ ਖੜਾ ਕਰਕੇ ਦੁਆ ਕਰਨ ਵਾਲਿਆਂ ਨੂੰ ਦੱਸਣ ਕਿ ‘‘ਸਾਡੀਆਂ ਦੁਆਵਾਂ ਦਾ ਜਵਾਬ ਮਿਲ ਗਿਆ ਹੈ’’ ਅੰਦਰ ਚਲੀ ਗਈ। ਉਨ੍ਹਾਂ ਨੇ ਉਸ ਨੂੰ ਝਿੜਕਿਆ ਅਤੇ ਉਸ ਦਾ ਮਜ਼ਾਕ ਉਡਾਇਆ। ਪਤਰਸ ਖੜਕਾਉਂਦਾ ਰਿਹਾ, ਕਿੰਨਾ ਅਜੀਬ ਲਗਦਾ ਹੈ। ਫਿਰ ਦੁਆ ਕਰ ਰਹੀ ਕਲੀਸੀਆ ਨੇ ਖੜਕਾਉਣ ਦਾ ਮਤਲਬ ਇਹ ਕੱਢਿਆ ਕਿ ‘‘ਇਹ ਉਸ ਦਾ ਫ਼ਰਿਸ਼ਤਾ ਹੈ।’’ ਫਿਰ ਉਨ੍ਹਾਂ ‘‘ਭਰਾਵਾਂ ਨੂੰ ਜਿਹੜੇ ਦੁਆ ਕਰ ਰਹੇ ਸਨ,’’ ਸੱਚਾਈ ਤੇ ਯਕੀਨ ਨਹੀਂ ਹੋਇਆ, ਪਰ ਉਨ੍ਹਾਂ ਇਸ ਨੂੰ ਅੰਧਵਿਸ਼ਵਾਸ ਮੰਨ ਲਿਆ। ਉਨ੍ਹਾਂ ਮੰਨ ਲਿਆ ਕਿ ਉਹ ‘‘ਜ਼ਿੰਦਾ ਮਨੁੱਖ ਨਹੀਂ’’ ਬਲਕਿ ਕੋਈ ‘‘ਫ਼ਰਿਸ਼ਤਾ’’ ਹੈ। ਪਤਰਸ ਨੂੰ ਲੱਗਾ ਕਿ ਉਹਦੇ ਲਈ ਬੰਦਗੀ ਵਿਚ ਜਾਣ ਨਾਲੋਂ ਜੇਲ੍ਹ ਵਿੱਚੋਂ ਨਿੱਕਲਣਾ ਅਸਾਨ ਸੀ। ਕੀ ਸਾਡਾ ਵੀ ਇਹੋ ਹਾਲ ਹੈ, ਦੁਆ ਦੀ ਸਾਡੀ ਜ਼ਿੰਦਗੀ ਵਿਚ ਵੀ ਇਵੇਂ ਹੀ ਹੁੰਦਾ ਹੈ? ਜੋ ਅਸੀਂ ਸਚਮੁਚ ਦੁਆ ਕਰਦੇ ਹਾਂ, ਕੀ ਉਸ ਦੀ ਉਮੀਦ ... ਅਤੇ ਯਕੀਨ ਕਰਦੇ ਹਾਂ? ਫਾਟਕ ਖੋਲ੍ਹ ਦਿੱਤਾ ਗਿਆ ਅਤੇ ਪਤਰਸ ਅੰਦਰ ਆ ਗਿਆ। ਉਨ੍ਹਾਂ ਨੂੰ ਬੇਵਿਸ਼ਵਾਸੇ ਹੀ ਮੰਨਿਆ ਜਾਵੇਗਾ। ਦੁਆ ਕਰਨ ਤੋਂ ਬਾਅਦ ਕੀ ਤੁਸੀਂ ਇਸ ਨੂੰ ਯਾਦ ਰੱਖਦੇ ਹੋ? ਕੀ ਤੁਸੀਂ ਲਿਖ ਕੇ ਰੱਖਦੇ ਹੋ ਕਿ ਕਦ, ਕਿੱਥੇ ਅਤੇ ਕਿਵੇਂ ਤੁਹਾਡੀ ਹਰ ਦੁਆ ਦਾ ਜਵਾਬ ਮਿਲਿਆ ਸੀ? ਕੀ ਤੁਸੀਂ ਵਿਸ਼ਵਾਸ ਕਰਦੇ ਹੋ?

## ਜਵਾਬ ਮਿਲੀ ਦੁਆ ਦਾ ਖ਼ਤਰਾ

ਤਾਂ ਉਹ ਨੇ ਉਨ੍ਹਾਂ ਦੀ ਮੰਗ ਪੂਰੀ ਕੀਤੀ, ਪਰ ਉਨ੍ਹਾਂ ਦੀਆਂ ਜਾਨਾਂ ਨੂੰ ਲਿੱਸਿਆਂ ਕੀਤਾ (ਜ਼ਬੂਰ 106:15)।

ਜਦ ਦੇਵਤੇ ਸਾਨੂੰ ਸਜ਼ਾ ਦੇਣਾ ਚਾਹੁੰਦੇ ਹਨ, ਤਾਂ ਉਹ ਸਾਡੀਆਂ ਦੁਆਵਾਂ ਦਾ ਜਵਾਬ ਦੇ ਦਿੰਦੇ ਹਨ (ਆਸਕਰ ਵਿਲਡੇ)।

ਦੇਵਤੇ ਜਦ ਕਿਸੇ ਨਾਲ ਨਰਾਜ਼ ਹੁੰਦੇ ਹਨ ਤਾਂ ਉਹ ਉਸ ਦੀ ਹਰ ਇੱਛਾ ਪੂਰੀ ਕਰ ਦਿੰਦੇ ਹਨ (ਯੂਨਾਨੀ ਲੋਕ)।

... ਮਨੁੱਖ ਇੰਨਾ ਕਮਜੋਰ ਹੈ,
ਇੱਨਾਂ ਅਗਿਆਨੀ ਅਤੇ ਅੰਨ੍ਹਾ ਕਿ
ਕਈ ਵਾਰ, ਖ਼ੁਦਾ ਉਸ ਕਿਰਪਾ ਨੂੰ ਜਿਹੜੀ ਅਸੀਂ
ਮੰਗਦੇ ਹਾਂ, ਜੇ ਨਾ ਰੋਕੇ ਤਾਂ ਅਸੀਂ
ਆਪਣੀ ਬੇਨਤੀ ਨਾਲ ਹੀ ਬਰਬਾਦ ਹੋ ਜਾਈਏ।

ਕੂਚ ਦੀ ਕਿਤਾਬ ਵਿਚ ਯਹੂਦੀ ਲੋਕ ਰੋਜ਼ ਦੀ ਰੋਟੀ ਭਾਵ ਮੰਨਾ ਬਾਰੇ ਕੁੜ–ਕੁੜ ਕਰਦੇ ਅਤੇ ਸ਼ਿਕਾਇਤ ਕਰਦੇ ਸਨ। ਖ਼ੁਦਾ ਨੇ ਉਨ੍ਹਾਂ ਲਈ ਬਟੇਰ ਭੇਜ ਦਿੱਤੇ (ਗਿਣਤੀ 11:31–33)। ਜਦ ਇਹ ਸੁਆਦਲਾ ਖਾਣਾ ਉਨ੍ਹਾਂ ਦੇ ਮੂੰਹ ਵਿਚ ਹੀ ਸੀ ਤਾਂ, ਖ਼ੁਦਾ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ। ਇਹ ਕਹਾਣੀ ਦੰਗ ਕਰਨ ਵਾਲੀ, ਖ਼ੌਫ਼ਜ਼ਦਾ ਕਰਨ ਵਾਲੀ ਅਤੇ ਹਲੀਮ ਕਰਨ ਵਾਲੀ ਲਗਦੀ ਹੈ। ਖ਼ੁਦਾ ਸਾਡੀਆਂ ਦੁਆਵਾਂ ਨੂੰ ਸਾਡੇ ਹੀ ਨਾਸ ਲਈ ਵਰਤ ਸਕਦਾ ਹੈ। ਗਿਣਤੀ 11 ਅਧਿਆਇ ਵਾਲੇ ਸਭ ਲੋਕ ਨਾਕਾਮ ਹੋ ਗਏ ਸਨ। ਉਨ੍ਹਾਂ ਸਭਨਾਂ ਨੇ ''ਨਾਪਸੰਦੀਦਾ ਦੁਆਵਾਂ'' ਕੀਤੀਆਂ ਸਨ (1) ਲੋਕ ਬੁੜਬੁੜਾਏ ਸਨ। ''ਵਿਗੜੇ ਮੁੰਡਿਆਂ'' ਵਾਂਗ ਉਨ੍ਹਾਂ ਨੇ ਖ਼ੁਦਾ ਦੇ ਸਾਹਮਣੇ ਗੜਬੜ ਕੀਤੀ ਸੀ। ਸ਼ਿਕਾਇਤ ਹੁਸ਼ਿਆਰੀ ਨਾਲ ਕਰੋ। ਖ਼ੁਦਾ ਦਾ ਬਦਲਾ ਇਕਦਮ ਅਤੇ ਬੜਾ ਖ਼ਤਰਨਾਕ ਸੀ। (2) ਮੂਸਾ ''ਆਪਣੀ ਦਯਾ ਦੇ ਕਾਰਣ'' ਖ਼ੁਦਾ ਅੱਗੇ ਗਿੜਗਿੜਾਇਆ ਸੀ। ਉਸ ਨੇ ਵੀ ਖ਼ੁਦਾ ਅੱਗੇ ਗੜਬੜ ਕੀਤੀ ਸੀ। ਉਸਨੇ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ, ਉਸ ਨੇ ਖ਼ੁਦਾ ਨੂੰ ਇਕ ਕਮਜ਼ੋਰ ਜਿਹੀ ਦੁਆ ਵਿਚ ਉਸ ਨੂੰ ਮਾਰ ਦੇਣ ਲਈ ਕਿਹਾ। (3) ਗੱਲਬਾਤ ਕਰਨ ਲਈ ਸੱਤਰ ਬਜ਼ੁਰਗਾਂ ਨੂੰ ਸੱਦਿਆ ਗਿਆ ਸੀ। (4) ''ਚੰਗਾ ਯਹੋਸ਼ੁਆ'' ਵੀ ਮੂਸਾ ਉੱਤੇ ਗੁੱਸੇ ਹੋ ਗਿਆ; ਜਦ ਹੋਰਨਾਂ ਨੇ ਭਵਿੱਖਬਾਣੀ ਕੀਤੀ। ਇਹ ਇਸਰਾਏਲ ਦੇ ਇਤਿਹਾਸ ਦਾ ਭਿਅੰਕਰ ਦਿਨ ਸੀ। ਖ਼ੁਦਾ ਨੇ ਉਨ੍ਹਾਂ ਦੀ ਦੁਆ ਦਾ ਜਵਾਬ ਦੇ ਦਿੱਤਾ ਅਤੇ ਫਿਰ ਉਨ੍ਹਾਂ ਨੂੰ ਸਜ਼ਾ ਦਿੱਤੀ। ਜਦ ਖ਼ੁਦਾ ਨੇ ਲੋਕਾਂ ਨੂੰ ਉਹ ਦੇ ਦਿੱਤਾ ਜੋ ਉਨ੍ਹਾਂ ਨੇ ਮੰਗਿਆ ਸੀ ਤਾਂ ਅਸਲ ਵਿਚ ਉਸਨੇ ਉਨ੍ਹਾਂ ਨੂੰ ਮਾਰ ਦਿੱਤਾ!

ਧੰਨਵਾਦ ਉਨ੍ਹਾਂ ਦੁਆਵਾਂ ਲਈ ਜਿਨ੍ਹਾਂ ਦਾ ਜਵਾਬ ਤੂੰ ਨਹੀਂ ਦਿੱਤਾ
ਧੰਨਵਾਦ ਉਸ ਲਈ ਜਿਸਦਾ ਤੂੰ ਇਨਕਾਰ ਕੀਤਾ ਹੈ
ਧੰਨਵਾਦ ਉਨ੍ਹਾਂ ਤੁਫ਼ਾਨਾਂ ਲਈ ਜਿਹੜੇ ਮੈਂ ਝੱਲੇ ਹਨ,
ਧੰਨਵਾਦ ਤੇਰੀਆਂ ਉਨ੍ਹਾਂ ਸਭ ਚੀਜ਼ਾਂ ਲਈ ਜਿਹੜੀਆਂ ਤੂੰ ਦਿੱਤੀਆਂ ਹਨ
ਧੰਨਵਾਦ ਉਸ ਪੀੜ ਲਈ ਅਤੇ ਧੰਨਵਾਦ ਉਸ ਆਨੰਦ ਲਈ
ਧੰਨਵਾਦ ਉਸ ਨਿਰਾਸ਼ਾ ਵਿਚ ਹਿੰਮਤ ਦੇਣ ਲਈ।
ਧੰਨਵਾਦ ਉਸ ਕਿਰਪਾ ਲਈ ਜਿਸ ਨੂੰ ਮਾਪਿਆ ਨਹੀਂ ਜਾ ਸਕਦਾ
ਧੰਨਵਾਦ ਉਸ ਅਤੁੱਲ ਪਿਆਰ ਲਈ।

ਖ਼ੁਦਾ ਬਹੁਤ ਭਲਾ ਹੈ। ਉਹ ਇਸਰਾਏਲੀਆਂ ਉੱਤੇ ਰਹਿਮ ਕਰਨ ਵਾਲਾ, ਮੂਸਾ ਨਾਲ ਸਹਿਣਸ਼ੀਲ, ਉਨ੍ਹਾਂ ਸੱਤਰ ਬਜ਼ੁਰਗਾਂ ਨਾਲ ਬੁੱਧਵਾਨ ਅਤੇ ਯਹੋਸ਼ੁਆ ਨਾਲ ਦਿਆਲੂ ਸੀ।

ਜਵਾਬ ਮਿਲੀ ਦੁਆ ਦਾ ਇਕ ਹੋਰ ਮਾਮਲਾ ਹਿਜ਼ਕियਾਹ ਰਾਜਾ ਨਾਲ ਜੁੜਿਆ ਹੈ (2 ਰਾਜਿਆਂ 20:14–37; 2 ਇਤਿਹਾਸ 32:20–26; ਯਸਾਯਾਹ 38:1–8)। ਕਿਸੇ ਘਟਣਾ ਦਾ ਬਾਈਬਲ ਵਿਚ ਤਿੰਨ ਵਾਰ ਜ਼ਿਕਰ ਹੋਣਾ, ਸਾਡਾ ਧਿਆਨ ਖਿੱਚਦਾ ਹੈ। ਯਸਾਯਾਹ ਨੇ (ਖ਼ੁਦਾ ਵੱਲੋਂ) ਹਿਜ਼ਕਿਯਾਹ ਨੂੰ ਇਹ ਦੱਸਿਆ ਕਿ ਉਹ ਮਰਨ ਵਾਲਾ ਹੈ। ਹਿਜ਼ਕਿਯਾਹ ਨੇ ਕੰਧ ਵੱਲ ਮੂੰਹ ਕਰਕੇ ਦੁਆ ਕੀਤੀ। ਸ਼ਾਇਦ ਉਹ ਇਸ ਗੱਲ ਵਿਚ ਖੁਦਗਰਜ਼ ਸੀ ਕਿ ਉਸਦਾ ਕੰਮ ਪੂਰਾ ਨਹੀਂ ਹੋਇਆ ਅਤੇ ਉਸ ਨੂੰ ਪੂਰਾ ਕਰਨਾ ਚਾਹੁੰਦਾ ਸੀ। ਉਸ ਦੇ ਮਕਸਦ ਜੋ ਵੀ ਸਨ, ਖ਼ੁਦਾ ਨੇ ਉਸ ਦੀ ਦੁਆ ਸੁਣੀ ਅਤੇ ਉਸ ਦੇ ਅੱਥਰੂ ਵੇਖੇ। ਖ਼ੁਦਾ ਨੇ ਯਸਾਯਾਹ ਨੂੰ ਵਾਅਦਾ ਅਤੇ ਮੋਅਜਜ਼ਾ ਦੇ ਕੇ ਘੱਲਿਆ ਕਿ ਹਿਜ਼ਕਿਯਾਹ ਦੀ ਉਮਰ ਪੰਦਰਾਂ ਸਾਲ ਹੋਰ ਵਧਾ ਦਿੱਤੀ ਗਈ ਹੈ। ਮੂਸਾ ਉਹ ਬੰਦਾ ਸੀ ਜਿਸ ਦੀ ਮੌਤ ਛੇਤੀ ਹੋ ਜਾਣੀ ਸੀ; ਜਦ ਕਿ ਹਿਜ਼ਕਿਯਾਹ ਉਹ ਬੰਦਾ ਸੀ ਜਿਸ ਨੇ ਬਹੁਤ ਦੇਰ ਤਕ ਜ਼ਿੰਦਾ ਰਹਿਣਾ ਸੀ! ਹਿਜ਼ਕਿਯਾਹ ਉੱਤੇ ਹਲੀਮੀ ਨੇ ਨਹੀਂ ਹੰਕਾਰ ਨੇ ਜਿੱਤ ਪਾ ਲਈ ਸੀ। ''ਉਹ ਖ਼ੁਦਾ ਨਾਲ ਗੱਲ ਕਰ

ਕੇ ਜਿੱਤ ਗਿਆ ਸੀ!'' ਇਹ ਦੁਆ ਦੀ ਥਾਂ ਨਹੀਂ ਹੈ। ਖ਼ੁਦਾ ਨੂੰ ਦੁਆ ਦਾ ਜਵਾਬ ਦਿੰਦਿਆਂ ਵੇਖਣਾ ਸਾਡੇ ਲਈ ਸਿੱਖਿਆ ਅਤੇ ਮਨ ਨੂੰ ਛੂਹ ਲੈਣ ਵਾਲਾ ਹੋਣਾ ਚਾਹੀਦਾ ਹੈ। ਉਨ੍ਹਾਂ ਵਧੇ ਹੋਏ ਸਾਲਾਂ ਦੌਰਾਨ ਹਿਜ਼ਕਿਯਾਹ ਨੇ ''ਘਮੰਡ ਦੀਆਂ ਗ਼ਲਤੀਆਂ'' [ਕਈ ਯਾਦਗਾਰੀ] ਕੀਤੀਆਂ। ਉਸ ਦਾ ਇਕ ਪੁੱਤਰ ਵੀ ਸੀ, ਮਨੱਸ਼ਹ, ਜਿਹੜਾ ਉਸ ਦੇ ਬਾਅਦ ਗੱਦੀ ਤੇ ਬੈਠਾ ਅਤੇ ਉਸਨੇ ਬਦਨਾਮੀ ਵਿਚ ਹਕੂਮਤ ਕੀਤੀ। ਖ਼ੁਦਾ ਨੇ ਮਨੱਸ਼ਹ ਦੇ ਪਾਪਾਂ ਕਰਕੇ ''ਯਰੂਸ਼ਲਮ ਨੂੰ ਭਾਂਡੇ ਵਾਂਗ ਮਾਂਜ ਦਿੱਤਾ।'' ਹਿਜ਼ਕਿਯਾਹ ਨਾਲ ਵਿਡੰਬਣਾ ਇਹ ਹੋਈ ਕਿ ਜਿੰਨਾ ਉਹ ਖੁਸ਼ਹਾਲ ਹੋਇਆ ਓਨਾਂ ਹੀ ਉਸਨੇ ਪਾਪ ਕੀਤਾ।

## ਸਮਾਂ ਅਹਿਮ ਹੈ

ਧਿਆਨ ਖਿੱਚੂ ਜਵਾਬ ਮਿਲੀ ਇਕ ਹੋਰ ਦੁਆ ਲੂਕਾ 1 ਵਿਚ ਮਿਲਦੀ ਹੈ। ਜ਼ਕਰਯਾਹ ਅਤੇ ਇਲੀਸਬਤ ਦੋਵੇਂ ਭਲੇ ਲੋਕ ਅਤੇ ਦੁਆ ਕਰਨ ਵਾਲੇ ਸਨ। ਉਨ੍ਹਾਂ ਨੂੰ ਇਕ ਬੱਚਾ, ਇਕ ਬੇਟਾ ਚਾਹੀਦਾ ਸੀ। ਇਸ ਲਈ ਉਹ ਕਈ ਸਾਲਾਂ ਤੋਂ ਦੁਆ ਕਰਦੇ ਆ ਰਹੇ ਸਨ। ਇੰਨਾਂ ਸਮਾਂ ਬੀਤ ਜਾਣ ਦੇ ਬਾਵਜੂਦ ਉਹ ਦੁਆ ਕਰ ਰਹੇ ਸਨ। ਜ਼ਕਰਯਾਹ ਡਿਊਟੀ ਦੇ ਰਿਹਾ ਸੀ (ਯਾਜਕ ਲਈ ਸਭ ਤੋਂ ਵੱਡੀ ਬਰਕਤ), ਤਾਂ ਜਿਬਰਾਈਲ ਫ਼ਰਿਸ਼ਤਾ ਉਸ ਕੋਲ ਆਇਆ। ਪਰਿਵਾਰ ਦੇ ਮਿੱਤਰ ਬਾਹਰ ਦੁਆ ਕਰ ਰਹੇ ਸਨ; ਤਾਂ ਜ਼ਕਰਯਾਹ ਨੂੰ ਦੱਸਿਆ ਗਿਆ ਕਿ ਉਸ ਦੀਆਂ ਦੁਆਵਾਂ ਸੁਣ ਲਈਆਂ ਗਈਆਂ ਹਨ ਅਤੇ ਯਕਦਮ ਉਨ੍ਹਾਂ ਦਾ ਜਵਾਬ ਮਿਲ ਜਾਵੇਗਾ। ਉਨ੍ਹਾਂ ਦੇ ਘਰ ਇਕ ਮੁੰਡਾ, ਯੂਹੰਨਾ ਪੈਦਾ ਹੋਵੇਗਾ। ਉਹ ਖ਼ੁਦਾ ਵੱਲੋਂ ਅਜਾਇਬ ਢੰਗ ਨਾਲ ਇਸਤੇਮਾਲ ਕੀਤਾ ਜਾਣ ਵਾਲਾ ਆਦਮੀ ਹੋਵੇਗਾ। ਕਿਸੇ ਨੂੰ ਲੱਗੇਗਾ ਕਿ ਜ਼ਕਰਯਾਹ ਖੁਸ਼ੀ ਨਾਲ ਟੱਪਿਆ ਅਤੇ ਚੀਕਿਆ ਹੋਵੇਗਾ। ਉਸ ਨੂੰ ਕੋਈ ਜੋਸ਼ ਨਹੀਂ ਆਇਆ। (1) ਮਨ ਵਿਚ ਕਿਸੇ ਨੁੱਕਰ ਵਿਚ ਉਸ ਨੂੰ ਯਕੀਨ ਨਹੀਂ ਸੀ ਕਿ ਖ਼ੁਦਾ ਉਸ ਦੀਆਂ ਦੁਆਵਾਂ ਦਾ ਜਵਾਬ ਦੇਵੇਗਾ। ਸਾਲਾਂ ਤੋਂ ਉਸ ਦੀਆਂ ਦੁਆਵਾਂ ਇਕ ਰਵਾਇਤ ਜਾਂ ਸ਼ੱਕ ਨਾਲ ਭਰੀਆਂ ਹੋਈਆਂ ਸਨ (2) ਕਈ ਸਾਲ ਪਹਿਲਾਂ ਉਸ ਨੂੰ ਆਪਣੀਆਂ ਦੁਆਵਾਂ ਦੇ ਜਵਾਬ ਦੀ ਉਮੀਦ ਸੀ।

ਅਸੀਂ ਆਪਣੀਆਂ ਬਹੁਤ ਸਾਰੀਆਂ ਦੁਆਵਾਂ ਤੇ ਸਮੇਂ ਦੀ ਹੱਦ ਬੰਨ੍ਹ ਦਿੰਦੇ ਹਾਂ। ਸਮਾਂ ਹੀ ਸਭ ਕੁਝ ਹੁੰਦਾ ਹੈ। ਜ਼ਕਰਯਾਹ ਨੇ ਦੰਗ ਹੋ ਕੇ ਆਖਿਆ, ''ਮੈਂ ਤਾਂ ਬੁੱਢਾ ਹਾਂ; ਅਤੇ ਮੇਰੀ ਪਤਨੀ ਵੀ ਬੁੱਢੀ ਹੋ ਗਈ ਹੈ'' (ਲੂਕਾ 1:18)। ਉਹ ਅਜੇ ਵੀ ਖ਼ੁਦਾ ਤੋਂ ਮਾਯੂਸ ਸੀ; ਕਿਉਂਕਿ ਖ਼ੁਦਾ ਨੇ ਬਹੁਤ ਦੇਰ ਲਾ ਦਿੱਤੀ ਸੀ। ਇਹ ਸੰਜੋਗ ਨਹੀਂ ਸੀ ਕਿ ਜ਼ਕਰਯਾਹ ਗੂੰਗਾ ਹੋ ਗਿਆ। ਜ਼ਕਰਯਾਹ ਖ਼ੁਦਾ ਦੀ ਉਸਤਤ ਕਰ ਕੇ ਉਸ ਨੂੰ ਧੰਨਵਾਦ ਨਾ ਦੇ ਸਕਿਆ। ਉਸ ਦੀ ਜ਼ਬਾਨ ਉਦੋਂ ਤਕ ਬੰਦ ਰਹੀ ਜਦ ਤਕ ਉਸ ਨੇ ਲਿਖ ਕੇ ਨਹੀਂ ਦਿੱਤਾ ਕਿ '' ਉਸ ਦਾ ਨਾਂਅ ਯੂਹੰਨਾ ਹੈ'' (ਲੂਕਾ 1:63)। ਯਾਦ ਰੱਖੋ, ਖ਼ੁਦਾ ਦੇ ਦੇਰ ਕਰਨ ਦਾ ਮਤਲਬ ਨਾਂਹ ਨਹੀਂ ਹੁੰਦਾ।

## ਖ਼ੁਦਾ ਸਾਡੀਆਂ ਦੁਆਵਾਂ ਸੁਣਦਾ ਹੈ ਅਤੇ ਉਨ੍ਹਾਂ ਦਾ ਜਵਾਬ ਦਿੰਦਾ ਹੈ

ਖ਼ੁਦਾ ਵਫ਼ਾਦਾਰ ਹੈ। ਹਰ ਮਸੀਹੀ ਦੀ ਦੁਆ ਸੁਣੀ ਜਾਂਦੀ ਹੈ ਅਤੇ ਉਸ ਦਾ ਜਵਾਬ ਮਿਲਦਾ ਹੈ (1) ''*ਨਹੀਂ!* ਮੈਂ ਤੁਹਾਨੂੰ ਇੰਨਾ ਪਿਆਰ ਕਰਦਾ ਹਾਂ ਕਿ ਮੈਂ ਤੁਹਾਨੂੰ ਇਹ ਦੇਣਾ ਚਾਹੁੰਦਾ ਹਾਂ।'' (2) ''*ਨਹੀਂ!* ਅਜੇ ਨਹੀਂ, ਬਾਅਦ ਵਿਚ ਜਦ ਤੂੰ ਤਿਆਰ ਹੋ ਜਾਵੇਂ।'' (3) ''*ਹਾਂ!* ਮੈਨੂੰ ਲੱਗਾ ਕਿ ਤੂੰ ਕਦੀ ਮੰਗੇਗਾ ਹੀ ਨਹੀਂ।'' (4) ''*ਹਾਂ!* ਇਹ ਲੈ ਲੈ।''

ਇਸ ਲਈ ਦੁਆ ਖ਼ਤਰਨਾਕ ਹੈ। ਤੁਸੀਂ ਜੋ ਵੀ ਮੰਗਦੇ ਹੋ ਬੜੀ ਹੁਸ਼ਿਆਰੀ ਨਾਲ ਮੰਗੋ। ਇਕ ਪਰੇਸ਼ਾਨ ਪ੍ਰਚਾਰਕ ਨੇ ਖ਼ੁਦਾ ਨੂੰ ਉਸਦੀ ਸੇਵਕਾਈ ਵਿਚ ਛੇਤੀ ਕੰਮ ਕਰਨ ਲਈ ਆਖਿਆ। ਅਗਲੇ ਹਫ਼ਤੇ ਉਸ ਪ੍ਰਚਾਰਕ ਨੂੰ ਗੋਲੀ ਮਾਰ ਦਿੱਤੀ ਗਈ। ਅਗਸਟਿਨ ਕਹਿੰਦਾ ਹੁੰਦਾ ਸੀ, ''ਖ਼ੁਦਾ ਮੈਨੂੰ ਪਾਕ ਕਰ ਦੇ, ਮੈਨੂੰ ਪਾਕ ਸਾਫ਼ ਕਰ ਦੇ।'' ਨਾਲ ਹੀ ਹੌਲੀ ਹੌਲੀ ਉਹ ਇਹ ਕਹਿ ਦਿੰਦਾ ਸੀ, ''ਅਜੇ

ਨਹੀਂ, ਖ਼ੁਦਾਇਆ, ਅਜੇ ਨਹੀਂ।'' ਜਦ ਤੁਸੀਂ ਦੁਆ ਮੰਗਣ ਲਗਦੇ ਹੋ ਤਾਂ ਤੁਹਾਨੂੰ ਉਹੀ ਮਿਲ ਸਕਦਾ ਹੈ, ਜੋ ਤੁਸੀਂ ਮੰਗਿਆ ਹੈ। ਅਸੀਸੀ ਦਾ ਫ੍ਰਾਂਸਿਸ ਕੋੜ੍ਹਿਆਂ ਲਈ ਦੁਆ ਕਰਦਾ ਸੀ। ਛੇਤੀ ਹੀ ਉਹ ਉਨ੍ਹਾਂ ਵਿਚ ਸੇਵਕਾਈ ਕਰਨ ਲੱਗਾ। ਅਸੀਂ ਦੁਆ ਕਰਦੇ ਹਾਂ, ''ਰਾਜ ਦੀਆਂ ਹੱਦਾਂ ਨੂੰ ਵਧਾ।'' ਹੋ ਸਕਦਾ ਹੈ ਕਿ ਇਸ ਨਾਲ ਅਸੀਂ ਆਪਣੇ ਆਪ ਨੂੰ ਪ੍ਰਚਾਰ ਵਿਚ ਕੰਮ ਕਰਦੇ ਪਾਈਏ। ''ਸਾਨੂੰ ਆਪਣੀ ਖਿਦਮਤ ਵਿਚ ਲਾ ਦੇ।'' ਬੰਦਗੀ ਵਿਚ ਦੁਆ ਕੰਮ ਤੋਂ ਬਚਣਾ ਨਹੀਂ, ਬਲਕਿ ਫ਼ਤਹਿ ਪਾਉਣਾ ਹੈ।

ਹਲੀਮ ਹੋਣ ਲਈ ਦੁਆ ਕਰਨ ਦਾ ਮਤਲਬ ਦੁੱਖ ਝੱਲਣ ਲਈ ਦੁਆ ਕਰਨਾ ਹੈ। ਖ਼ੁਦਾ ਸਾਨੂੰ ਹਲੀਮੀ ਨਹੀਂ ਦੇ ਸਕਦਾ, ਪਰ ਉਹ ਸਾਨੂੰ ਅਜਿਹੇ ਹਾਲਾਤ ਵਿਚ ਪਾ ਸਕਦਾ ਹੈ, ਜਿਸ ਨਾਲ ਅਸੀਂ ਆਪਣੇ ਆਪ ਨੂੰ ਦੀਨ ਬਣਾ ਲਈਏ। ਸਾਨੂੰ ਦੀਨਤਾ ਅਤੇ ਸਬਰ ਦੀ ਸਮਝ ਅਕਸਰ ਦੁੱਖ ਵਿਚ ਹੀ ਆਉਂਦੀ ਹੈ।

**"ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ।<br>ਮੈਨੂੰ ਯਕੀਨ ਨਾਲ ਦੁਆ ਕਰਨਾ ਸਿਖਾ ਦੇ।"**